## ਦਫਤਰ ਡਾਇਰੈਕਟਰ ਸਿਖਿੱਆ ਵਿਭਾਗ (ਸੈ:ਸਿ:), ਪੰਜਾਬ।

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

(ਅਮਲਾ-2 ਸ਼ਾਖਾ)

ਵੱਲ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ, ਪੰਜਾਬ
3. ਸਮੂਹ ਪ੍ਰਿੰਸੀਪਲ,ਸਸਸਸ, ਪੰਜਾਬ ਰਾਜ

ਮੀਮੋ ਨੰ 10/107-2016 ਅਮਲਾ-2 (6)
ਮਿਤੀ ਸਅਸ ਨਗਰ:-19-08-2016

ਵਿਸ਼ਾ:- ਨਵੇ ਅੱਪਗਰੇਡ ਸਕੂਲਾਂ ਵਿਚ ਪੰਜਵੀ ਅਸਾਮੀ ਦੇਣ ਬਾਰੇ।

ਵਿਭਾਗ ਵਲੋਂ ਹਾਈ ਸਕੂਲਾਂ ਤੋਂ ਨਵੇ ਅਪਗ੍ਰੇਡ ਹੋਏ ਸੀਨੀਅਰ ਸੈਕਡੰਰੀ ਸਕੂਲਾਂ ਵਿੱਚ ਲੈਕਚਰਾਰ ਦੇ ਵਿਸੇ (ਪੋਲ ਸਾਂਇੰਸ, ਹਿਸਟਰੀ, ਅੰਗਰੇਜੀ, ਪੰਜਾਬੀ) ਦੀਆਂ 4 ਪੋਸਟਾ ਦਿੱਤੀਆ ਗਈਆ ਹਨ ਅਤੇ 5ਵੀ ਪੋਸਟ ਆਪਸ਼ਨਲ ਦਿੱਤੀ ਗਈ ਹੈ। ਵਿਭਾਗ ਵਲੋਂ ਇਨ੍ਹਾ ਸਕੂਲਾਂ ਵਿੱਚ ਹੇਠ ਲਿਖੀਆ ਗੱਲਾਂ ਧਿਆਨ ਵਿੱਚ ਰੱਖ ਕੇ 5ਵੀ ਪੋਸਟ ਦੇਣ ਸਬੰਧੀ ਨਿਰਣਾ ਕੀਤਾ ਗਿਆ ਹੈ ਕਿ:-

1. 5ਵੀ ਪੋਸਟ ਸਕੂਲ ਵਿੱਚ ਬੱਚਿਆ ਦੀ ਗਿਣਤੀ ਅਨੁਸਾਰ ਦਿਤੀ ਜਾਵੇਗੀ ।
2. ਹਰੇਕ ਜਿਲ੍ਹੇ ਅਪਗ੍ਰੇਡਡ ਸਕੂਲਾ ਵਿੱਚ 5ਵੀ ਪੋਸਟ ਵੱਖ-ਵੱਖ ਵਿਸੇ ਅਧੀਨ ਵੱਧ ਤੋਂ ਵੱਧ ਹੇਠ ਲਿਖੇ ਅਨੁਸਾਰ ਦੇਣ ਦਾ ਵਿਚਾਰ ਕੀਤਾ ਗਿਆ ਹੈ:-

| | | |
|---|---|---|
| ੳ. | ਅਰਥ ਸਾਸਤਰ ਦੀਆਂ - | 3 |
| ਅ | ਮੈਥ- | 3 |
| ੲ | ਸਰੀਰਿਕ ਸਿੱਖਿਆ- | 4 |
| ਸ | ਭੂਗੋਲ- | 3 |
| ਹ | ਹਿੰਦੀ | 2 |
| ਕ | ਸੋਸਿਓਲਜੀ | 2 |

ਭਾਵ ਉਪਰੋਕਤ ਵਿਚੋ ਇਕ ਸਕੂਲ ਵਿਚ ਇਕ ਪੋਸਟ ਹੀ ਦਿੱਤੀ ਜਾਣੀ ਹੈ। ਕਿਸੇ ਵੀ ਸੂਰਤ ਵਿਚ ਨਵੇ ਅਪਗਰੇਡ ਸਕੂਲਾ ਵਿਚ ਲੈਕਚਰਾਰ ਦੀਆਂ 5 ਤੋ ਵੱਧ ਅਸਾਮੀਆ ਨਹੀ ਹੋਣਗੀਆਂ।

ਇਸ ਲਈ ਆਪਨੂੰ ਹਦਾਇਤ ਕੀਤੀ ਜਾਂਦੀ ਹੈ , ਵਿਭਾਗ ਵਲੋਂ ਕੀਤੀਆ ਜਾ ਰਹੀਆ ਬਦਲੀਆ ਵਿੱਚ ਜੇਕਰ ਨਵੇ ਅਪਗ੍ਰੇਡ ਹੋਏ ਸਕੂਲਾਂ ਵਿੱਚ ਉਪਰੋਕਤ ਵਿਸਿਆ ਵਿੱਚ ਉਕਤ ਨਿਰਧਾਰਿਤ ਕੀਤੀ ਗਈ ਗਿਣਤੀ ਤੋਂ ਵੱਧ ਕਿਸੇ ਅਧਿਆਪਕ ਦੀ ਬਦਲੀ ਹੋ ਜਾਂਦੀ ਹੈ ਤਾਂ ਉਸਦੀ ਇਡਰੋਸਮੈਂਟ ਭਾਵ ਫਾਰਗ /ਹਾਜਰ ਕਰਵਾਉਣ ਤੋਂ ਪਹਿਲਾਂ ਉਪਰੋਕਤ ਹਦਾਇਤਾ /ਨਾਰਮ ਨੂੰ ਧਿਆਨ ਵਿੱਚ ਰੱਖ ਲਿਆ ਜਾਵੇ ਅਤੇ ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਵਿਭਾਗ ਤੋਂ ਅਗਵਾਈ ਪ੍ਰਾਪਤ ਕਰ ਲਈ ਜਾਵੇ ।

(ਦਸਤਖਤ)
ਸਹਾਇਕ ਡਾਇਰੈਕਟਰ (ਸ:ਪ੍-4)

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ ਸਿ) ਅੰਮ੍ਰਿਤਸਰ

ਪਿਠ ਅੰਕਣ ਨੰ: ਅ-2/2016/ 8343 ਮਿਤੀ: 29-8-16

ਉਤਾਰਾ ਪ੍ਰਿੰਸੀਪਲ ਸ.ਸ.ਸ.ਸ. ਕੋਟਲੀ ਸੱਕੀਆ, ਬੋਲ ਸਰਾਏ, ਗਹਿਰੀ ਮੰਡੀ, ਕਰਮਪੁਰਾ, ਵੇਰਕਾ, ਮੂਧਲ, ਬਲੜਵਾਲ, ਮੁਰਾਦਪੁਰਾ, ਬੋਪਾ, ਸੰਗਤਪੁਰਾ, ਵਡਾਲਾ ਭਿੱਟੇਵੱਡ, ਵਰਪਾਲ, ਮੁਰਾਦਪੁਰਾ, ਕਾਲੇਕੇ, ਸੋਹੀਆਂ ਕਲਾਂ, ਅਠਵਾਲ, ਕੋਟਲੀ ਸੱਕੀਆ, ਚੋਗਾਵਾਂ ਸਾਧਪੁਰ, ਵੇਰਕਾ, ਫੇਰੂਮਾਨ, ਬੋਲ ਸਰਾਏ, ਵਡਾਲਾ ਜੌਹਲ, ਅੰਮ੍ਰਿਤਸਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਅਨੁਸਾਰ ਪੰਜਵੀ ਅਸਾਮੀ ਸਬੰਧੀ (ਲੈਕ:) ਤਿੰਨ- ਤਿੰਨ ਆਪਸ਼ਨਾ ਦੇ ਕੇ ਤੁਰੰਤ ਇਸ ਦਫਤਰ ਨੂੰ ਭੇਜੀਆ ਜਾਣ। ਇਹ ਸੂਚਨਾ ਅੱਜ ਹੀ ਮਿਤੀ 29-8-16 ਤੱਕ ਇਸ ਦਫਤਰ ਨੂੰ ਭੇਜੀ ਜਾਵੇ।